No. 34/55-1H(7)-2013/ 13967
**Chandigarh Administration**
**Department of Personnel**

Chandigarh dated, the 31/7/13

To

All the Administrative Secretaries/
Heads of Departments/Offices/Boards/Corporation,
Chandigarh Administration.

**Subject: - Extension in Service to the employees of Chandigarh Administration and Boards/Corporations.**

***

Sir/Madam,

In supersession of all the previous orders issued in this regard and in pursuance of the Government of India, Ministry of Home Affairs, Notification No. 14012/2/88-CHD dated 13.01.1992, the Administrator, Union Territory, Chandigarh is pleased to adopt the Punjab Government's circular letter No. 22/2/2012-3FP2/475 dated 08.10.2012 (copy enclosed) in respect of the employees of the Union Territory, Chandigarh and Boards/Corporation, on the same terms and conditions as mentioned therein.

2. It has also been decided by Chandigarh Administration that while giving extension in service beyond superannuation to the willing Group A, B, C and D employees, the records of the services rendered by the employees be taken into account. While seeking approval, the ACR dossiers for the last five years be enclosed with the proposal and cases be analyzed and recommended accordingly.

3. The contents of this communication may be brought to the notice of all officers/officials working under your control for information, necessary action and strict compliance.

Yours faithfully,

Additional Secretary Personnel,
Chandigarh Administration.

Endst. No. 34/55-1H(7)-2013/ 13968 Dated: 31/7/13

A copy is forwarded to the following for information and necessary action:-

1. The Accountant General (A&E), Union Territory, Chandigarh.
2. The Accountant General (Audit), Union Territory, Chandigarh.

Endst. No. 34/55-1H(7)-2013/ 13969 Dated: 31/7/13

A copy is forwarded to the following for information and necessary action:-

1. The Finance Secretary (in Finance II and Accounts Branch), Chandigarh Administration.
2. The District Treasury Officer, Central Treasury, Union Territory, Chandigarh.

Additional Secretary Personnel,
Chandigarh Administration.

Endst. No. 34/55-1H(7)-2013/ 13970 Dated: 31/7/13

A copy in continuation of this Administration's letter No. 34/55-IH(7)-2013/7450 dated 23.04.2013 is forwarded to the Joint Secretary (U.T.), Government of India, Ministry of Home Affairs, North Block, New Delhi for information.

Additional Secretary Personnel,
Chandigarh Administration.

**GOVERNMENT MEDICAL COLLEGE & HOSPITAL, CHANDIGARH**

*(Hospital Building), Sector 32-B, Chandigarh-160030 (Ph:0172-2665253-59, Fax: 0172-2608488)*

***(ESTABLISHMENT BRANCH-IV)***

Endst. No. GMCH-E-IV-EA-1(24/2)-2013/30096 - 98 Dated, Chandigarh the 22 AUG 2013

A copy alongwith its enclosure is forwarded to the following for information & necessary action:

1. The Deputy Controller (F&A), GMCH, Chandigarh.
2. The Office Superintendents Est.-I, II, III, HA-I & HA-II,GMCH, Chandigarh.
3. Computer Programmer, GMCH

Superintendent (Est.-IV)
for Additional Director (Admn.)

ਨੰ: 22/ 2/2012-3 ਐਫ.ਪੀ.2/475

Home I Branch
Dy. No. 4272
Dated 9/10/12

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਕਰਨ ਬਾਰੇ।

ਸ੍ਰੀ ਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ-1, ਭਾਗ 1, ਦੇ ਰੂਲ 3.26 ਦੇ ਕਲਾਜ (ਏ) ਅਤੇ ਕਲਾਜ (ਬੀ) ਦੇ ਉਪਬੰਧਾਂ ਦੇ ਅਨੁਸਰਣ ਵਿੱਚ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਗਰੁੱਪ "ਏ", ਗਰੁੱਪ "ਬੀ", ਗਰੁੱਪ "ਸੀ" ਅਤੇ ਗਰੁੱਪ "ਡੀ" ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਕਰਨ ਦੀ ਪਰਵਾਨਗੀ ਦਿੰਦੇ ਹਨ। ਸੇਵਾ ਕਾਲ ਵਿੱਚ ਇਹ ਵਾਧਾ ਨਿਮਨ-ਲਿਖਤ ਸ਼ਰਤਾਂ ਅਨੁਸਾਰ ਹੋਵੇਗਾ:-

(ੳ) ਇਹ ਵਾਧਾ ਕੇਵਲ ਉਹਨਾਂ ਕਰਮਚਾਰੀਆਂ ਨੂੰ ਹੀ ਮਿਲਣਯੋਗ ਹੋਵੇਗਾ ਜੋ ਇਸ ਪੱਤਰ ਦੇ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਆਪਣੀ ਆਪਸ਼ਨ ਦੇਣਗੇ। ਲੋੜੀਂਦੀ ਆਪਸ਼ਨ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ-1, ਭਾਗ 1, ਦੇ ਰੂਲ 3.26 ਦੇ ਕਲਾਜ (ਏ) ਅਨੁਸਾਰ 58/60 ਸਾਲ ਦੀ ਉਮਰ ਪੂਰੀ ਕਰਨ ਦੀ ਮਿਤੀ ਤੋਂ ਪਹਿਲਾਂ ਤਿੰਨ ਮਹੀਨੇ ਦੇ ਅੰਦਰ ਅੰਦਰ ਆਪਣੇ ਦਫ਼ਤਰ ਦੇ ਮੁਖੀ ਨੂੰ ਦਿੱਤੀ ਜਾ ਸਕੇਗੀ ਬਸ਼ਰਤੇ ਕਿ ਜਿਹਨਾਂ ਕਰਮਚਾਰੀਆਂ ਦੀ ਵੱਧ-ਵਰ੍ਹਾ ਸੇਵਾ-ਨਵਿਰਤੀ ਦੀ ਮਿਤੀ ਵਿੱਚ ਤਿੰਨ ਮਹੀਨੇ ਤੋਂ ਘੱਟ ਸਮਾਂ ਰਹਿ ਗਿਆ ਹੈ, ਉਹ ਆਪਣੀ ਆਪਸ਼ਨ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਆਪਣੀ ਵੱਧ-ਵਰ੍ਹਾ ਸੇਵਾ-ਨਵਿਰਤੀ ਦੇ ਦਿਨ ਤੱਕ ਕਦੀ ਵੀ ਦੇ ਸਕਦੇ ਹਨ। ਇੱਕ ਵਾਰ ਦਿੱਤੀ ਆਪਸ਼ਨ ਅੰਤਮ ਮੰਨੀ ਜਾਵੇਗੀ ਅਤੇ ਇਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ।

(ਅ) ਵਧੇ ਹੋਏ ਸੇਵਾ ਕਾਲ ਦੌਰਾਨ ਸਬੰਧਤ ਕਰਮਚਾਰੀ, ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ 1, ਭਾਗ 1 ਦੇ ਨਿਯਮ 3.26, ਦੇ ਕਲਾਜ (ਬੀ), ਅਨੁਸਾਰ, ਤਨਖਾਹ ਡਰਾਅ ਕਰਨ ਦਾ ਹੱਕਦਾਰ ਹੋਵੇਗਾ ਅਰਥਾਤ ਉਹ ਵੱਧ ਵਰ੍ਹਾ ਸੇਵਾ-ਨਵਿਰਤੀ ਦੀ ਮਿਤੀ ਨੂੰ ਮਿਲਣਯੋਗ ਆਖਰੀ ਤਨਖਾਹ ਦੇ ਬਰਾਬਰ ਤਨਖਾਹ ਲਵੇਗਾ ਜਿਸ ਉੱਤੇ ਨਿਯਮਾਂ ਅਨੁਸਾਰ ਸਮੇਂ ਸਮੇਂ ਤੇ ਬਣਦੇ ਭੱਤੇ ਵੀ ਮਿਲਣਯੋਗ ਹੋਣਗੇ।

(ੲ) ਵਧੇ ਹੋਏ ਸੇਵਾਕਾਲ ਦੌਰਾਨ ਪਦ-ਉੱਨਤੀ ਦੀ ਆਸਾਮੀ ਉਪਲਬਧ ਹੋਣ ਦੀ ਸੂਰਤ ਵਿੱਚ, ਸਬੰਧਤ ਕਰਮਚਾਰੀ, ਨਿਯਮਾਂ ਅਨੁਸਾਰ, ਅਜਿਹੀ ਆਸਾਮੀ ਦੇ ਵਿਰੁੱਧ ਪਦ-ਉੱਨਤੀ ਲਈ ਵਿਚਾਰੇ ਜਾਣ

ਦਾ ਪਾਤਰ ਹੋਵੇਗਾ ਅਤੇ ਪਦ-ਉੱਨਤ ਹੋਣ ਦੀ ਸੂਰਤ ਵਿੱਚ ਉਸਦੀ ਤਨਖਾਹ ਸਬੰਧਤ ਨਿਯ. ਅਨੁਸਾਰ ਪਦ-ਉੱਨਤੀ ਦਾ ਲਾਭ ਦਿੰਦੇ ਹੋਏ ਨਿਸਚਿਤ ਕੀਤੀ ਜਾਵੇਗੀ।

(ਹ) ਸਬੰਧਤ ਕਰਮਚਾਰੀ ਨੂੰ ਸੇਵਾ-ਨਵਿਰਤੀ ਉਪਰੰਤ ਮਿਲਣਯੋਗ ਸਾਰੇ ਪੈਨਸ਼ਨਰੀ ਲਾਭ ਉਸ ਦੇ ਸੇਵਾ ਕਾਲ ਵਿੱਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣਯੋਗ ਹੋਣਗੇ।

2. ਇਹ ਹਦਾਇਤਾ ਉਹਨਾਂ ਕਰਮਚਾਰੀਆਂ ਤੇ ਲਾਗੂ ਹੋਣਗੀਆਂ ਜਿਹਨਾਂ ਦੀ ਵੱਧ-ਵਰ੍ਹਾ ਸੇਵਾ-ਨਵਿਰਤੀ ਦੀ ਮਿਤੀ 31 ਅਕਤੂਬਰ, 2012 ਜਾਂ ਉਸ ਤੋਂ ਬਾਅਦ ਹੋਵੇਗੀ।

(ਮਹਿੰਦਰ ਸਿਘ ਪਰਾਸ਼ਰ)
ਅਧੀਨ ਸ਼ਕੱਤਰ, ਵਿੱਤ

ਨੱਥੀ: ਉਪਰੋਕਤ ਅਨੁਸਾਰ:

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/476 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।
(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ),ਪੰਜਾਬ,ਚੰਡੀਗੜ੍ਹ।

(ਮਹਿੰਦਰ ਸਿੰਘ ਪਰਾਸ਼ਰ)
ਅਧੀਨ ਸਕੱਤਰ, ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/ 477 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ ਦਾ ਉਤਾਰਾ,ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
(2) ਸਮੂਹ ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅਧੀਨ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/478 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ਼ ਦਾ ਇੱਕ ਉਤਾਰਾ ਸਕੱਤਰ ਪ੍ਰਸੋਨਲ ਵਿਭਾਗ,ਪੰਜਾਬ ਪੰਜਾਬ ਸਰਕਾਰ,ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 28 ਅਗਸਤ, 2012 ਨੂੰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਕਰਮਚਾਰੀਆਂ ਦੀ ਸਿੱਧੀ ਭਰਤੀ ਦੀ ਉਪਰਲੀ ਸੀਮਾ ਦੀ ਹੱਦ 37 ਸਾਲ ਦੀ ਬਜਾਏ 38 ਸਾਲ ਕਰਨ ਲਈ ਲੋੜੀਂਦਾ ਨੋਟੀਫਿਕੇਸਨ ਮਿਤੀ 31/10/2012 ਤੱਕ ਜਾਰੀ ਕਰਨ ਦੀ ਖੇਚਲ ਕਰਨ।

ਅਧੀਨ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/ 479 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫਸਰਾਂ/ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/480 ਮਿਤੀ,ਚੰਡੀਗੜ੍ਹ 8 ਅਕਤੂਬਰ, 2012

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਇੰਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ,ਵਿੱਤ

## ਸੇਵਾ ਕਾਲ ਵਿੱਚ ਵਾਧਾ ਪ੍ਰਾਪਤ ਕਰਨ ਵਾਸਤੇ ਆਪਸ਼ਨ ਦੇਣ ਲਈ ਨਿਸਚਤ ਪ੍ਰੋਫਾਰਮਾ

( ਵੇਖੋ ਪੰਜਾਬ ਸਰਕਾਰ ਦਾ ਪੱਤਰ ਨੰ: 22/2/2012-3 ਐਫ.ਪੀ.2/475-480 ਮਿਤੀ 8 ਅਕਤੂਬਰ, 2012)

ਮੈਂ ________________________ ਪੁੱਤਰ/ਪੁੱਤਰੀ/ਪਤਨੀ ________________

ਆਹੁਦਾ ________________________________________________

ਦਫਤਰ/ਵਿਭਾਗ ____________________________________________

ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3 ਐਫ.ਪੀ.2/475-480 ਮਿਤੀ 8 ਅਕਤੂਬਰ, 2012 ਅਨੁਸਾਰ ਵੱਧ-ਵਧ੍ਹਾ ਸੇਵਾ-ਨਵਿਰਤੀ ਦੀ ਮਿਤੀ ਉਪਰੰਤ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਪ੍ਰਾਪਤ ਕਰਨ ਲਈ ਆਪਣੀ ਆਪਸ਼ਨ ਦਿੰਦਾ/ਦਿੰਦੀ ਹਾਂ।

2. ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਪੰਜਾਬ ਸਰਕਾਰ ਦੇ ਉਪਰੋਕਤ ਪੱਤਰ ਨੰ: 22/2/2012-3 ਐਫ.ਪੀ.2/475-80. ਮਿਤੀ 8 ਅਕਤੂਬਰ, 2012 ਵਿੱਚ ਦਰਜ ਸਾਰੀਆਂ ਸ਼ਰਤਾਂ ਮੰਨਜ਼ੂਰ ਹਨ ਅਤੇ ਮੈਂ ਇਹਨਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋਵਾਂਗਾ/ਹੋਵਾਂਗੀ।

| | |
|---|---|
| ਦਫਤਰ ਦੇ ਮੁਖੀ ਦੇ ਹਸਤਾਖਰ | ਸਬੰਧਤ ਕਰਮਚਾਰੀ ਦੇ ਹਸਤਾਖਰ |
| ਮਿਤੀ: | ਮਿਤੀ : |

***